EDD ਦਫਤਰ ਦਾ ਨਾਂ
ਪੀ. ਓ. ਬਾਕਸ
ਸ਼ਹਿਰ CA ਜ਼ਿਪ ਕੋਡ

Employment Development Department
State of California

# ਨਿ ਰ ਧਾ ਰ ਨ / ਰੂ ਲਿੰ ਗ ਦਾ ਨੋ ਟਿ ਸ

ਡਾਕ ਭੇਜਣ ਦੀ ਤਾਰੀਖ 00 / 00 / 00
ਫਾਇਦਾ ਸ਼ੁਰੂਆਤ ਸਾਲ 00 / 00 / 00

EDD ਟੈਲੀਫੋਨ ਨੰਬਰ:

| | |
|---|---|
| ਅੰਗਰੇਜੀ | 1-800-300-5616 |
| ਸਪੈਨਿਸ਼ | 1-800-326-8937 |
| ਕੈਨਟੋਨਿਸ | 1-800-547-3506 |
| ਮੈਨਡ੍ਰਿਨ | 1-866-303-0706 |
| ਵਿਅਤਨਾਮੀ | 1-800-547-2058 |
| TTY | 1-800-815-9387 |

ਦਾਅਵੇਦਾਰ ਦਾ ਨਾਂ
ਦਾਅਵੇਦਾਰ ਦਾ ਪਤਾ
ਸ਼ਹਿਰ CA ਜ਼ਿਪ ਕੋਡ

SSA ਨੰਬਰ 000-00-0000

ਤੁਸੀਂ 00/00/00 ਤੋਂ ਸ਼ੁਰੂ ਹੋਣ ਵਾਲੇ ਅਤੇ ਅਯੋਗਤਾ ਐਕਟ ਤੋਂ ਬਾਅਦ ਤੁਹਾਡੇ ਕੰਮ ਤੇ ਵਾਪਸ ਆਉਣ ਤੱਕ ਅਤੇ ਬੋਨਾਫਾਇਡ ਰੁਜ਼ਗਾਰ ਵਿੱਚ $0.00 ਜਾਂ ਵੱਧ ਕਮਾਉਣ ਤੱਕ, ਅਤੇ ਤੁਹਾਡਾ ਦਾਅਵਾ ਮੁੜ ਖੋਲਣ ਲਈ ਤੁਹਾਡੇ ਉਪਰੋਕਤ ਦਫਤਰ ਨਾਲ ਸੰਪਰਕ ਕਰਨ ਤੱਕ ਜਾਰੀ ਰਹਿਣ ਤੱਕ, ਕੈਲੀਫੋਰਨੀਆ ਬੇਰੁਜਗਾਰ ਬੀਮਾ ਕੋਡ ਸੈਕਸ਼ਨ 1256 ਤਹਿਤ ਫਾਇਦੇ ਲੈਣ ਦੇ ਯੋਗ ਨਹੀਂ ਹੋ।

ਤੁਸੀਂ ਆਪਣੀ ਪਿਛਲੀ ਨੌਕਰੀ (ਮਾਲਕ ਦਾ ਨਾਂ) ਕੋਲੋਂ ਛੱਡੀ ਸੀ। ਤੁਸੀਂ ਇਹ ਨਹੀਂ ਦਰਸਾਇਆ ਹੈ ਕਿ ਨੌਕਰੀ ਛੱਡਣਾ ਜਰੂਰੀ ਸੀ ਜਾਂ ਛੱਡਣ ਤੋਂ ਪਹਿਲਾਂ ਤੁਸੀਂ ਸਾਰੇ ਵਾਜਿਬ ਵਿਕਲਪਾਂ ਦੀ ਜਾਂਚ ਕਰ ਲਈ ਸੀ। ਉਪਲੱਬਧ ਜਾਣਕਾਰੀ ਤੇ ਧਿਆਨ ਦੇਣ ਤੋਂ ਬਾਅਦ, ਵਿਭਾਗ ਨੇ ਪਾਇਆ ਹੈ ਕਿ ਤੁਸੀਂ ਫਾਇਦਿਆਂ ਦੇ ਭੁਗਤਾਨ ਲਈ ਕਾਨੂੰਨੀ ਜਰੂਰਤਾਂ ਪੂਰੀਆਂ ਨਹੀਂ ਕਰਦੇ। ਸੈਕਸ਼ਨ 1256 ਕਹਿੰਦਾ ਹੈ – ਇੱਕ ਵਿਅਕਤੀ ਅਯੋਗ ਜਾਂਦਾ ਹੈ ਜੇਕਰ ਵਿਭਾਗ ਪਾਉਂਦਾ ਹੈ ਕਿ ਉਸਨੇ ਆਪਣਾ ਅਖੀਰਲਾ ਕੰਮ ਬਿਨ੍ਹਾਂ ਕਿਸੇ ਚੰਗੇ ਕਾਰਨ ਤੋਂ, ਆਪਣੀ ਮਰਜੀ ਦੇ ਨਾਲ ਛੱਡਿਆ ਜਾਂ ਬੁਰੇ ਵਿਹਾਰ ਕਾਰਨ ਉਸਦੇ ਅਖੀਰਲੇ ਕੰਮ ਤੋਂ ਛੁੱਟੀ ਕੀਤੀ ਗਈ ਸੀ। ਸੈਕਸ਼ਨ 1260A ਕਹਿੰਦਾ ਹੈ – ਸੈਕਸ਼ਨ 1256 ਦੇ ਤਹਿਤ ਇੱਕ ਅਯੋਗ ਵਿਅਕਤੀ ਅਯੋਗ ਹੀ ਰਹਿੰਦਾ ਹੈ ਜਦੋਂ ਤੱਕ ਉਹ, ਅਯੋਗਤਾ ਐਕਟ ਤੋਂ ਬਾਅਦ, ਕਿਸੇ ਪ੍ਰਮਾਣਕ ਰੁਜ਼ਗਾਰ ਵਿੱਚ ਸੇਵਾਵਾਂ ਦਿੰਦਾ ਹੈ ਜਿਸ ਲਈ ਉਹ ਆਪਣੀ ਹਫਤਾਵਾਰੀ ਫਾਇਦਾ ਰਾਸ਼ੀ ਤੋਂ ਪੰਜ ਗੁਣਾ ਦੇ ਬਰਾਬਰ ਜਾਂ ਵੱਧ ਮਿਹਨਤਾਨਾ ਹਾਸਿਲ ਕਰਦਾ/ਕਰਦੀ ਹੈ।

ਅਪੀਲ:

ਜੇਕਰ ਤੁਸੀਂ ਇਸ ਪੂਰੇ ਫੈਸਲੇ ਜਾਂ ਇਸਦੇ ਕਿਸੇ ਹਿੱਸੇ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਨੂੰ ਇੱਕ ਅਪੀਲ ਦਾਇਰ ਕਰਨ ਦਾ ਅਧਿਕਾਰ ਹੈ।

ਅਪੀਲ ਕਰਨ ਲਈ, ਤੁਹਾਨੂੰ ਨਿਮਨਲਿਖਤ ਸਭ ਕਰਨਾ ਪਵੇਗਾ:

ਕ. ਨੱਥੀ ਅਪੀਲ ਫਾਰਮ (DE 1000M) ਪੂਰਾ ਕਰੋ ਜਾਂ ਇਹ ਦੱਸਦੇ ਹੋਏ ਇੱਕ ਪੱਤਰ ਲਿਖੋ ਕਿ ਤੁਸੀਂ ਇਸ ਫੈਸਲੇ ਤੇ ਅਪੀਲ ਕਰਨਾ ਚਾਹੁੰਦੇ ਹੋ। ਜੇਕਰ ਤੁਸੀਂ ਅਪੀਲ ਲਈ ਪੱਤਰ ਲਿਖਦੇ ਹੋ, ਕਾਰਨ ਦੱਸੋ ਕਿ ਤੁਸੀਂ ਵਿਭਾਗ ਦੇ ਫੈਸਲੇ ਨਾਲ ਸਹਿਮਤ ਕਿਉਂ ਨਹੀਂ ਹੋ। ਹਰ ਦਸਤਾਵੇਜ ਜੋ ਤੁਸੀਂ ਵਿਭਾਗ ਨੂੰ ਜਮ੍ਹਾਂ ਕਰਵਾਉਂਦੇ ਹੋ, ਉਸ ਉੱਪਰ ਆਪਣਾ ਸਮਾਜਕ ਸੁਰੱਖਿਆ ਨੰਬਰ ਲਿਖੋ। (ਸਿਰਲੇਖ 22, ਕੈਲੀਫੋਰਨੀਆ ਕੋਡ ਆਫ ਰੈਗੁਲੇਸ਼ਨ (CCR), ਸੈਕਸ਼ਨ 5008).

ਖ. ਇਸ ਫੈਸਲੇ ਦੇ ਪਹਿਲੇ ਪੇਜ ਤੇ ਦਿੱਤੇ ਗਏ ਦਫਤਰ ਦੇ ਪਤੇ ਤੇ DE 1000M ਜਾਂ ਆਪਣਾ ਪੱਤਰ ਡਾਕ ਰਾਹੀਂ ਭੇਜੋ।

ਗ. ਇਸ ਨੋਟਿਸ ਦੇ ਭੇਜਣ ਦੀ ਤਾਰੀਖ ਦੇ ਤੀਹ (30) ਦਿਨਾਂ ਦੇ ਅੰਦਰ ਜਾਂ 00 / 00 / 00 ਤੱਕ, ਆਪਣੀ ਅਪੀਲ ਦਾਇਰ ਕਰੋ।

ਹੈਂਡਬੁੱਕ, “ਫਾਇਦਿਆਂ ਅਤੇ ਰੁਜ਼ਗਾਰ ਸੇਵਾਵਾਂ ਲਈ ਇੱਕ ਗਾਇਡ,” ਅਪੀਲਾਂ ਬਾਰੇ ਵਧੇਰੇ ਜਾਣਕਾਰੀ ਦਿੰਦੀ ਹੈ। ਜੇਕਰ ਤੁਹਾਡੇ ਕੋਲ ਇਹ ਹੈਂਡਬੁੱਕ ਨਹੀਂ ਹੈ, ਇਸ ਨੋਟਿਸ ਦੇ ਪਹਿਲੇ ਪੇਜ਼ ਤੇ ਸੂਚੀਬੱਧ ਦਫਤਰ ਨਾਲ ਸੰਪਰਕ ਕਰੋ।

ਅਪੀਲ ਸਬੰਧੀ ਜਾਣਕਾਰੀ:

ਜਦੋਂ ਤੁਹਾਡੀ ਅਪੀਲ ਮਿਲ ਜਾਂਦੀ ਹੈ, ਤੁਹਾਡੇ ਮਾਮਲੇ ਦੀ ਸਮੀਖਿਆ ਕੀਤੀ ਜਾਵੇਗੀ। ਜੇਕਰ ਫੈਸਲਾ ਉਹੀ ਰਹਿੰਦਾ ਹੈ ਤਾਂ ਅਸੀਂ ਤੁਹਾਡੀ ਅਪੀਲ ਅਪੀਲਾਂ ਦੇ ਦਫਤਰ ਨੂੰ ਭੇਜਾਂਗੇ। ਜੇਕਰ ਤੁਸੀਂ 30 ਦਿਨਾਂ ਤੋਂ ਬਾਅਦ ਅਪੀਲ ਕਰਦੇ ਹੋ, ਤਾਂ ਤੁਹਾਨੂੰ ਦੇਰੀ ਲਈ ਕਾਰਨ ਸ਼ਾਮਲ ਕਰਨਾ ਚਾਹੀਦਾ ਹੈ। ਪ੍ਰਸ਼ਾਸਨਿਕ ਕਾਨੂੰਨ ਜੱਜ ਨਿਰਧਾਰਿਤ ਕਰੇਗਾ/ਕਰੇਗੀ ਕਿ ਕੀ ਦੇਰੀ ਲਈ ਤੁਹਾਡਾ ਕਾਰਨ ਵਾਜਿਬ ਹੈ। ਜੇਕਰ ਪ੍ਰਸ਼ਾਸਨਿਕ ਕਾਨੂੰਨ ਜੱਜ ਨਿਰਧਾਰਿਤ ਕਰਦਾ/ਕਰਦੀ ਹੈ ਕਿ ਤੁਹਾਡੇ ਕੋਲ ਦੇਰੀ ਨਾਲ ਆਪਣੀ ਅਪੀਲ ਦਰਜ ਕਰਨ ਲਈ ਵਾਜਿਬ ਕਾਰਨ ਨਹੀਂ ਹੈ ਤਾਂ ਤੁਹਾਡੀ ਅਪੀਲ ਖਾਰਿਜ ਕਰ ਦਿੱਤੀ ਜਾਵੇਗੀ।

ਅਪੀਲਾਂ ਦਾ ਦਫਤਰ ਤੁਹਾਨੂੰ ਤੁਹਾਡੀ ਸੁਣਵਾਈ ਦੀ ਤਾਰੀਖ, ਸਥਾਨ ਅਤੇ ਸਮੇਂ ਦੇ ਨਾਲ ਇੱਕ ਪੱਤਰ ਅਤੇ ਅਪੀਲ ਸੁਣਵਾਈ ਪਰਕਿਰਿਆ ਦੀ ਵਿਆਖਿਆ ਕਰਦਾ ਇੱਕ ਪਰਚਾ ਭੇਜੇਗਾ। ਸੁਣਵਾਈ ਦੇ ਦੌਰਾਨ, ਪ੍ਰਸ਼ਾਸਨਿਕ ਕਾਨੂੰਨ ਜੱਜ ਤੁਹਾਨੂੰ ਸੁਣੇਗਾ/ਸੁਣੇਗੀ, ਤੱਥਾਂ ਦਾ ਨਿਰੀਖਣ ਕਰੇਗਾ/ਕਰੇਗੀ, ਅਤੇ ਫੈਸਲਾ ਕਰੇਗਾ/ਕਰੇਗੀ। ਤੁਹਾਡੇ ਕੋਲ ਇੱਕ ਪ੍ਰਤਿਨਿਧੀ ਜਾਂ ਮਦਦ ਲਈ ਕੋਈ ਹੋਰ ਹੋ ਸਕਦਾ/ਸਕਦੀ ਹੈ।

ਜੇਕਰ ਤੁਸੀਂ ਫਾਇਦੇ ਜਾਰੀ ਰੱਖਣ ਲਈ ਦਾਅਵਾ ਕਰ ਰਹੇ ਹੋ:

ਜਦੋਂ ਤੁਸੀਂ ਪ੍ਰਸ਼ਾਸਨਿਕ ਕਾਨੂੰਨ ਜੱਜ ਦੇ ਫੈਸਲੇ ਲਈ ਇੰਤਜਾਰ ਕਰਦੇ ਹੋ, ਤਾਂ ਤੁਹਾਨੂੰ EDD ਨੂੰ ਆਪਣੇ ਦਾਅਵਾ ਫਾਰਮ ਡਾਕ ਰਾਹੀਂ ਭੇਜਣੇ ਜਾਰੀ ਰੱਖਣੇ ਚਾਹੀਦੇ ਹਨ। ਜੇਕਰ ਤੁਸੀਂ ਦਾਅਵਾ ਫਾਰਮ ਜਾਂ ਅਪੀਲਾਂ ਦੇ ਦਫਤਰ ਤੋਂ ਇੱਕ ਫਾਰਮ ਪ੍ਰਾਪਤ ਨਹੀਂ ਕਰਦੇ ਤਾਂ, ਇਸ ਨੋਟਿਸ ਦੇ ਪਹਿਲੇ ਪੇਜ਼ ਤੇ ਸੂਚੀਬੱਧ ਦਫਤਰ ਨਾਲ ਸੰਪਰਕ ਕਰੋ। ਜੇਕਰ ਪ੍ਰਸ਼ਾਸਨਿਕ ਕਾਨੂੰਨ ਜੱਜ ਨਿਰਧਾਰਿਤ ਕਰਦੇ ਹਨ ਕਿ ਤੁਸੀਂ ਫਾਇਦੇ ਲੈਣ ਦੇ ਯੋਗ ਹੋ; ਤਾਂ ਅਸੀਂ ਫਾਇਦੇ ਸਿਰਫ ਉਦੋਂ ਹੀ ਅਦਾ ਕਰ ਸਕਦੇ ਹਾਂ ਜੇਕਰ ਉਸ ਹਫਤੇ ਲਈ ਦਾਅਵਾ ਫਾਰਮ ਪ੍ਰਾਪਤ ਹੋਏ ਹੋਣ।

ਹੋਰ ਸੇਵਾਵਾਂ: EDD ਦੇ ਨਾਲ, ਇਨਾਂ ਬਾਰੇ ਜਾਣਕਾਰੀ ਲਈ ਸੰਪਰਕ ਕਰੋ (1) ਨੌਕਰਿਆਂ ਲਈ ਰੈਫਰੱਲ, (2) ਅਯੋਗਤਾ ਬੀਮਾ, (3) ਹੋਰ EDD ਸੇਵਾਵਾਂ (4) ਦੂਜੀਆਂ ਏਜੰਸੀਆਂ ਦੁਆਰਾ ਪੇਸ਼ ਸੇਵਾਵਾਂ।